NHS SCOTLAND

# ਤੁਹਾਡੀ ਸਥਾਨਕ ਫਾਰਮੇਸੀ ਵਿਖੇ NHS Minor Ailment Service (NHS ਨਾਬਾਲਗ ਬਿਮਾਰੀ ਸਬੰਧੀ ਸੇਵਾ)




## ਮਰੀਜ਼ਾਂ ਲਈ ਜਾਣਕਾਰੀ

The Scottish Government
Riaghaltas na h-Alba

## NHS Minor Ailment Service (NHS ਨਾਬਾਲਗ ਬਿਮਾਰੀ ਸਬੰਧੀ ਸੇਵਾ) ਕੀ ਹੈ?

- NHS Minor Ailment Service ਬੱਚਿਆਂ, 60 ਸਾਲ ਜਾਂ ਜ਼ਿਆਦਾ ਉਮਰ ਦੇ ਲੋਕਾਂ, ਡਾਕਟਰੀ ਛੂਟ ਦਾ ਪ੍ਰਮਾਣ-ਪੱਤਰ ਪ੍ਰਾਪਤ ਲੋਕਾਂ ਲਈ, ਅਤੇ ਕੁਝ ਖਾਸ ਫਾਇਦਿਆਂ ਤੇ ਹੋਣ ਵਾਲੇ ਲੋਕਾਂ ਲਈ ਇੱਕ NHS ਸੇਵਾ ਹੈ।
- ਜਦੋਂ ਤੁਸੀਂ NHS Minor Ailment Service ਦੇ ਨਾਲ ਪੰਜੀਕ੍ਰਿਤ ਹੋ ਜਾਂਦੇ ਹੋ, ਤਾਂ ਤੁਹਾਡਾ ਦਵਾਫਰੋਸ਼ ਕਿਸੇ ਮਮੂਲੀ ਬਿਮਾਰੀ ਜਾਂ ਸ਼ਿਕਾਇਤ ਲਈ ਤੁਹਾਨੂੰ ਦਵਾਈ ਦੇ ਸਕਦਾ ਹੈ, ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਤੁਹਾਨੂੰ ਇਸ ਦੀ ਲੋੜ ਹੈ। ਤੁਹਾਨੂੰ ਇਸ ਲਈ ਭੁਗਤਾਨ ਕਰਨ ਦੀ ਲੋੜ ਨਹੀਂ ਹੋਵੇਗੀ।

## ਇਹ ਸੇਵਾ ਕਿਸ ਲਈ ਹੈ?

ਤੁਸੀਂ NHS Minor Ailment Service ਦੀ ਵਰਤੋਂ ਕਰ ਸਕਦੇ ਹੋ ਜੇ:

- ਤੁਸੀਂ ਸਕਾਟਲੈਂਡ ਵਿੱਚ ਜੀਪੀ ਸਰਜਰੀ ਨਾਲ ਪੰਜੀਕ੍ਰਿਤ ਹੁੰਦੇ ਹੋ, ਅਤੇ
    - ਤੁਸੀਂ 16 ਸਾਲ ਤੋਂ ਘੱਟ ਉਮਰ ਦੇ ਹੋ, ਜਾਂ 19 ਸਾਲ ਤੋਂ ਘੱਟ ਉਮਰ ਦੇ ਹੋ ਅਤੇ ਫੁਲ-ਟਾਇਮ ਪੜ੍ਹਾਈ ਕਰਦੇ ਹੋ
    - ਤੁਸੀਂ 60 ਸਾਲ ਜਾਂ ਜ਼ਿਆਦਾ ਉਮਰ ਦੇ ਹੋ
    - ਤੁਹਾਡੇ ਕੋਲ ਇੱਕ ਵਾਜਬ ਪ੍ਰਸੂਤ ਦੀ ਛੂਟ ਦਾ ਪ੍ਰਮਾਣ-ਪੱਤਰ, ਡਾਕਟਰੀ ਛੂਟ ਦਾ ਪ੍ਰਮਾਣ-ਪੱਤਰ, ਜਾਂ ਲੜਾਈ ਦੀ ਪੈਂਸ਼ਨ ਸਬੰਧੀ ਛੂਟ ਦਾ ਪ੍ਰਮਾਣ-ਪੱਤਰ ਹੈ
    - ਤੁਸੀਂ ਆਮਦਨੀ ਸਮਰਥਨ, ਆਮਦਨੀ ਤੇ ਅਧਾਰਤ ਨੌਕਰੀ ਦੀ ਭਾਲ ਕਰਨ ਵਾਲੇ ਦੇ ਭੱਤੇ, ਆਮਦਨੀ ਨਾਲ ਸਬੰਧਤ ਰੁੱਜ਼ਗਾਰ ਅਤੇ ਸਮਰਥਨ ਭੱਤੇ, ਵਿਆਪਕ ਕ੍ਰੈਡਿਟ ਜਾਂ ਪੈਂਸਨ ਕ੍ਰੈਡਿਟ ਗਰੰਟੀ ਕ੍ਰੈਡਿਟ ਨੂੰ ਪ੍ਰਾਪਤ ਕਰਦੇ ਹੋ, ਜਾਂ
    - ਤੁਸੀਂ NHS ਕਰ ਕ੍ਰੈਡਿਟ ਛੂਟ ਪ੍ਰਮਾਣ-ਪੱਤਰ ਜਾਂ ਇੱਕ ਵਾਜਬ HC2 ਪ੍ਰਮਾਣ-ਪੱਤਰ ਤੇ ਨਾਮਤ ਹੋ, ਜਾਂ ਇਸ ਦੇ ਹੱਕਦਾਰ ਹੋ।

ਤੁਸੀਂ NHS Minor Ailment Service ਦੀ ਵਰਤੋਂ ਨਹੀਂ ਕਰ ਸਕਦੇ ਹੋ ਜੇ ਤੁਸੀਂ ਕੇਅਰ ਹੋਮ ਵਿੱਚ ਰਹਿੰਦੇ ਹੋ।

## ਮੈਂ ਸੇਵਾ ਲਈ ਪੰਜੀਕਰਨ ਕਿਵੇਂ ਕਰਾ ਸਕਦਾ/ਦੀ ਹਾਂ ?

NHS Minor Ailment Service ਪੂਰੇ ਸਕਾਟਲੈਂਡ ਵਿੱਚ ਫਾਰਮੇਸੀਆਂ ਵਲੋਂ ਉਪਲਬਧ ਕਰਾਈ ਜਾਂਦੀ ਹੈ।

- ਤੁਸੀਂ ਇਹ ਚੋਣ ਕਰ ਸਕਦੇ ਹੋ ਕਿ ਤੁਸੀਂ ਕਿਹੜੀ ਫਾਰਮੇਸੀ ਦੇ ਨਾਲ ਪੰਜੀਕਰਨ ਕਰਨਾ ਹੈ।
- ਤੁਸੀਂ ਕਿਸੇ ਵੀ ਸਮੇਂ ਪੰਜੀਕਰਨ ਕਰ ਸਕਦੇ ਹੋ – ਤੁਹਾਨੂੰ ਮੁਲਾਕਾਤ ਨਿਰਧਾਰਤ ਕਰਨ ਦੀ ਲੋੜ ਨਹੀਂ ਹੁੰਦੀ ਹੈ।
- ਜਦੋਂ ਤੁਸੀਂ ਪੰਜੀਕਰਨ ਕਰਦੇ ਹੋ, ਤੁਹਾਡਾ ਦਵਾਫਰੋਸ਼ ਤੁਹਾਡੇ ਨਾਂ, ਜਨਮ ਮਿਤੀ ਅਤੇ ਪੋਸਟਕੋਡ ਸਮੇਤ, ਤੁਹਾਨੂੰ ਕੁਝ ਜਾਣਕਾਰੀ ਬਾਰੇ ਪੁੱਛ ਸਕਦਾ ਹੈ।
- ਉਹ ਇਹ ਵੀ ਜਾਂਚ ਕਰਣਗੇ ਕਿ ਕੀ ਤੁਸੀਂ NHS Minor Ailment Service ਦੀ ਵਰਤੋਂ ਕਰ ਸਕਦੇ ਹੋ ਜਾਂ ਨਹੀਂ ਅਤੇ ਤੁਹਾਨੂੰ ਸਬੂਤ ਪ੍ਰਦਾਨ ਕਰਨ ਲਈ ਕਹਿ ਸਕਦੇ ਹਨ, ਉਦਾਹਰਨ ਲਈ, ਤੁਹਾਡੇ ਪ੍ਰਸੂਤ ਜਾਂ ਡਾਕਟਰੀ ਛੂਟ ਦਾ ਪ੍ਰਮਾਣ-ਪੱਤਰ। **ਇਸ ਸਬੂਤ ਨੂੰ ਆਪਣੇ ਨਾਲ ਲਿਆਉਣਾ ਯਾਦ ਰੱਖਣ ਦੀ ਕੋਸ਼ਿਸ਼ ਕਰੋ।**
- ਤੁਹਾਡਾ ਦਵਾਫਰੋਸ਼ ਇੱਕ ਫਾਰਮ ਭਰੇਗਾ, ਜਿਸ ਤੇ ਤੁਹਾਡੇ ਹਸਤਾਖਰ ਕਰਨੇ ਲਾਜ਼ਮੀ ਹਨ।
- ਤੁਹਾਡਾ ਦਵਾਫਰੋਸ਼ 16 ਸਾਲ ਤੋਂ ਘੱਟ ਦੀ ਉਮਰ ਦੇ ਬੱਚਿਆਂ, ਜਾਂ 19 ਸਾਲ ਤੋਂ ਘੱਟ ਦੀ ਉਮਰ ਦੇ ਅਤੇ ਫੁੱਲ-ਟਾਇਮ ਪੜ੍ਹਾਈ ਕਰਨ ਵਾਲੇ ਬੱਚਿਆਂ ਸਮੇਤ, ਤੁਹਾਡੇ ਪਰਿਵਾਰ ਦੇ ਹਰ ਸਦੱਸ ਲਈ ਇੱਕ ਵੱਖਰੇ ਫਾਰਮ ਨੂੰ ਭਰੇਗਾ।
- ਤੁਸੀਂ ਇੱਕ ਸਮੇਂ ਤੇ ਸਿਰਫ ਇੱਕ ਫਾਰਮੇਸੀ ਨਾਲ ਹੀ ਸੇਵਾ ਲਈ ਪੰਜੀਕਰਨ ਕਰ ਸਕਦੇ ਹੋ। ਜੇ ਤੁਸੀਂ ਕਿਸੇ ਨਵੀਂ ਫਾਰਮੇਸੀ ਨਾਲ ਪੰਜੀਕਰਨ ਕਰਦੇ ਹੋ, ਤਾਂ ਤੁਸੀਂ ਪੁਰਾਣੀ ਫਾਰਮੇਸੀ ਤੇ ਹੋਰ ਸਮੇਂ ਲਈ ਪੰਜੀਕ੍ਰਿਤ ਨਹੀਂ ਰਹੋਗੇ।

**ਇਸ ਸੇਵਾ ਲਈ ਪੰਜੀਕ੍ਰਤ ਹੋਣ ਦੇ ਸਮੇਂ ਦੌਰਾਨ ਤੁਸੀਂ ਕਿਸੇ ਵੀ ਸਮੇਂ ਆਪਣੇ ਡਾਕਟਰ ਨੂੰ ਦਿਖਾਉਣ ਲਈ ਮੁਲਾਕਾਤ ਨਿਰਧਾਰਤ ਕਰ ਸਕਦੇ ਹੋ।**

- ਯਾਦ ਰੱਖੋ ਕਿ ਭਾਵੇਂ ਜੇ ਤੁਸੀਂ ਇਸ ਮੁਫਤ ਸੇਵਾ ਦੀ ਵਰਤੋਂ ਨਹੀਂ ਕਰਦੇ ਹੋ, ਤਾਂ ਵੀ ਤੁਸੀਂ ਸਲਾਹ ਜਾਂ ਕਿਸੇ ਮਮੂਲੀ ਬਿਮਾਰੀ ਦੀ ਦਵਾਈ ਖਰੀਦਣ ਜਾਂ ਸ਼ਿਕਾਇਤ ਲਈ ਆਪਣੇ ਦਵਾਫਰੋਸ਼ ਕੋਲ ਜਾ ਸਕਦੇ ਹੋ।

## ਸੇਵਾ ਕਿਵੇਂ ਕੰਮ ਕਰਦੀ ਹੈ ?

- ਤੁਹਾਨੂੰ ਮਮੂਲੀ ਬਿਮਾਰੀਆਂ ਅਤੇ ਸ਼ਿਕਾਇਤਾਂ ਲਈ ਆਪਣੇ ਦਵਾਫਰੋਸ਼ ਵਲੋਂ ਸਲਾਹ ਅਤੇ ਮੁਫਤ ਇਲਾਜ (ਜੇ ਤੁਹਾਨੂੰ ਇਸ ਦੀ ਲੋੜ ਹੁੰਦੀ ਹੈ) ਪ੍ਰਾਪਤ ਕਰਨ ਦੇ ਯੋਗ ਕੀਤਾ ਜਾਵੇਗਾ, ਜਿਵੇਂ ਕਿ:

| | |
|---|---|
| **ਫਿਣਸੀਆਂ** | **ਸਿਰਪੀੜ** |
| **ਐਥਲੀਟ ਫੁਟ** | **ਸਿਰ ਦੀਆਂ ਜੂੰਆਂ** |
| **ਪਿੱਠ ਪੀੜ** | **ਬਦਹਜ਼ਮੀ** |
| **ਮੂੰਹ ਦੇ ਛਾਲੇ** | **ਮੂੰਹ ਦੇ ਅਲਸਰ** |
| **ਕਬਜ਼** | **ਨੱਕ ਬੰਦ ਹੋਣਾ** |
| **ਖਾਂਸੀ** | **ਦਰਦ** |
| **ਦਸਤ** | **ਮਾਹਵਾਰੀ ਦੀ ਦਰਦ** |
| **ਕੰਨ ਪੀੜ** | **ਛਾਲੇ** |
| **ਖੁਜਲੀ ਅਤੇ ਅਲਰਜੀਆਂ** | **ਗਲੇ ਦੀ ਖਰਾਸ਼** |
| **ਬਵਾਸੀਰ** | **ਥ੍ਰੈਡਵੋਰਮਸ** |
| **ਮੌਸਮੀ ਬੁਖਾਰ** | **ਮੋਸਾ ਅਤੇ ਮੱਸਾ** |

- ਤੁਹਾਡਾ ਦਵਾਫਰੋਸ਼, ਜਿਵੇਂ ਕਿ ਤੁਹਾਡਾ ਡਾਕਟਰ, ਤੁਹਾਨੂੰ ਸਿਰਫ ਕੁਝ ਦਵਾਈਆਂ ਅਤੇ ਉਤਪਾਦ ਹੀ ਦੇ ਸਕਦਾ ਹੈ। ਤੁਹਾਨੂੰ ਉਹ ਦਵਾਈ ਜਾਂ ਉਤਪਾਦ ਨਹੀਂ ਮਿਲ ਸਕਦੇ ਹਨ ਜਿਨ੍ਹਾਂ ਨੂੰ ਤੁਸੀਂ ਸਧਾਰਨ ਤੌਰ ਤੇ ਖਰੀਦੋਗੇ।

- ਜੇ ਤੁਹਾਡੇ ਦਵਾਫਰੋਸ਼ ਨੂੰ ਲੱਗਦਾ ਹੈ ਕਿ ਤੁਹਾਡੇ ਲਈ ਆਪਣੇ ਜੀਪੀ ਨੂੰ ਦਿਖਾਉਣਾ ਬੇਹਤਰ ਹੈ, ਉਹ ਤੁਹਾਨੂੰ ਸਿੱਧਾ ਤੁਹਾਡੇ ਜੀਪੀ ਕੋਲ ਭੇਜ ਸਕਦੇ ਹਨ ਜਾਂ ਆਪਣੇ ਜੀਪੀ ਨਾਲ ਮੁਲਾਕਾਤ ਨਿਰਧਾਰਤ ਕਰਨ ਲਈ ਕਹਿ ਸਕਦੇ ਹਨ।

## ਕੀ ਮੈਂ ਹਾਲੇ ਵੀ ਹੋਰ ਫਾਰਮੇਸੀਆਂ ਵਿੱਚ ਜਾ ਸਕਦਾ/ਦੀ ਹਾਂ ?

- ਹਾਂ, ਤੁਸੀਂ ਦਵਾਈਆਂ ਖਰੀਦਣ ਜਾਂ ਹੋਰ ਤਜਵੀਜ਼ਾਂ ਨੂੰ ਇਕੱਤਰ ਕਰਨ ਲਈ ਕਿਸੇ ਵੀ ਫਾਰਮੇਸੀ ਵਿੱਚ ਜਾ ਸਕਦੇ ਹੋ। ਪਰ, ਤੁਹਾਨੂੰ ਸੇਵਾ ਦੀ ਵਰਤੋਂ ਕਰਨ ਲਈ ਉਸ ਫਾਰਮੇਸੀ ਵਿੱਚ ਜਾਣ ਦੀ ਲੋੜ ਹੋਵੇਗੀ ਜਿਸ ਨਾਲ ਤੁਸੀਂ ਪੰਜੀਕ੍ਰਿਤ ਹੋਏ ਹੋ।

## ਕੀ ਹੁੰਦਾ ਹੈ ਜੇ ਮੈਂ ਉਸ ਸੇਵਾ ਬਾਰੇ ਨਾਖੁਸ਼ ਹਾਂ ਜੋ ਮੈਂ ਫਾਰਮੇਸੀ ਤੋਂ ਪ੍ਰਾਪਤ ਕੀਤੀ ਹੈ ?

- ਜੇ ਤੁਸੀਂ ਅਜਿਹਾ ਕਰ ਸਕਦੇ ਹੋ, ਤਾਂ ਪਹਿਲਾਂ ਦਵਾਫਰੋਸ਼ ਨਾਲ ਗੱਲ ਕਰੋ ਤਾਂ ਕਿ ਉਹ ਉਸੇ ਵੇਲੇ ਤੁਹਾਡੀ ਸ਼ਿਕਾਇਤ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਸਕਣ।
- ਜੇ ਤੁਸੀਂ ਅਜਿਹਾ ਨਹੀਂ ਕਰ ਸਕਦੇ ਹੋ, ਜਾਂ ਜੇ ਤੁਸੀਂ ਪਹਿਲਾਂ ਹੀ ਆਪਣੇ ਦਵਾਫਰੋਸ਼ ਨਾਲ ਗੱਲ ਕੀਤੀ ਹੈ ਅਤੇ ਹਾਲੇ ਵੀ ਨਾਖੁਸ਼ ਹੋ, ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ। ਕਿਤਾਬਚੀ Making a complaint about the NHS ਵਿਆਖਿਆ ਕਰਦੀ ਹੈ ਕਿ ਇਸ ਨੂੰ ਕਿਵੇਂ ਕਰਨਾ ਹੈ। ਤੁਸੀਂ ਇਸ ਕਿਤਾਬਚੀ ਨੂੰ ਉਨ੍ਹਾਂ ਜ਼ਿਆਦਾਤਰ ਥਾਵਾਂ ਤੋਂ ਪ੍ਰਾਪਤ ਕਰ ਸਕਦੇ ਹੋ, ਜਿੱਥੇ ਤੁਸੀਂ NHS ਦੇਖਭਾਲ ਪ੍ਰਾਪਤ ਕਰਦੇ ਹੋ, ਜਾਂ ਇਸਨੂੰ www.hris.org.uk ਤੋਂ ਪ੍ਰਾਪਤ ਕਰੋ।

## ਵਧੇਰੀ ਜਾਣਕਾਰੀ ਕਿਵੇਂ ਪ੍ਰਾਪਤ ਕਰਨੀ ਹੈ

ਇਸ ਕਿਤਾਬਚੀ ਵਿੱਚ ਦੱਸੀ ਗਈ ਕਿਸੇ ਵੀ ਗੱਲ ਬਾਰੇ ਵਧੇਰੀ ਜਾਣਕਾਰੀ ਲਈ, ਸੰਪਰਕ ਕਰੋ:

- ਆਪਣੀ ਸਥਾਨਕ ਫਾਰਮੇਸੀ
- ਆਪਣੇ ਡਾਕਟਰ ਜਾਂ ਆਪਣੀ ਦੇਖਭਾਲ ਵਿੱਚ ਸ਼ਾਮਲ NHS ਸਟਾਫ ਦਾ ਕੋਈ ਸਦੱਸ
- 0800 22 44 88 ਤੇ NHS ਇੰਫੋਰਮ ਹੈਲਪਲਾਇਨ (ਲੈਂਡਲਾਇਨ ਤੋਂ ਕੀਤੀਆਂ ਜਾਣ ਵਾਲੀਆਂ ਕਾਲਾਂ ਮੁਫਤ ਹਨ), ਜਾਂ
- ਆਪਣੇ ਸਥਾਨਕ ਨਾਗਰਕ ਸਲਾਹ ਬਿਉਰੋ (ਇੰਟਰਨੈਟ ਰਾਹੀਂ www.cas.org.uk ਤੇ ਜਾਂ ਆਪਣੀ ਸਥਾਨਕ ਫੋਨਬੁਕ ਵਿੱਚ ਆਪਣੇ ਨਜ਼ਦੀਕੀ ਬਿਉਰੋ ਦੀ ਭਾਲ ਕਰੋ)।

ਇਸ ਜਾਣਕਾਰੀ ਨੂੰ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ **ask@hris.org.uk** ਤੇ ਈ-ਮੇਲ ਕਰੋ।

ਇਹ ਜਾਣਕਾਰੀ ਸਕਾਟਿਸ਼ ਸਰਕਾਰ ਦੀ ਵੈੱਬਸਾਈਟ (www.scotland.gov.uk) ਤੇ ਅਤੇ ਹੈਲਥ ਰਾਈਟ ਇੰਫਾਰਮੇਸ਼ਨ ਸਕਾਟਲੈਂਡ ਦੀ ਵੈੱਬਸਾਇਟ (www.hris.org.uk) ਤੇ ਉਪਲਬਧ ਹੈ।

Consumer Focus Scotland

The Scottish Government
Riaghaltas na h-Alba

ਹੈਲਥ ਰਾਈਟਸ ਇੰਫਾਰਮੇਸ਼ਨ ਸਕਾਟਲੈਂਡ ਦੁਆਰਾ ਪੇਸ਼ ਕੀਤੀ ਗਈ, ਸਕਾਟਿਸ਼ ਗਵਰਮੈਂਟ ਹੈਲਥ ਡਾਇਰੈਕਟੋਰੇਟਸ ਵਲੋਂ, ਕੰਜ਼ਿਉਮਰ ਫੋਕਸ ਸਕਾਟਲੈਂਡ ਦੀ ਪਰਿਯੋਜਨਾ।

ਸੰਸਕਰਨ 3 ਮਈ 2013 ਵਿੱਚ ਪੇਸ਼ ਕੀਤੀ ਗਈ

ISBN: 978-1-78256-570-3

APS Group Scotland
DPPAS14261 (05/13)